**Sodhak Committee,s opinion (1895-1896AD) on Anandpuri Birh on Text and History of Ananadpuri Birh a. Japu Ji Sahib and Akal Ustit is different. Chandi di Var is new.c. In krishan avtar many chaupees are missing. d.In Charirtars and Hakiats the Tukas and Baints are less. e. Two photo in this Birh.f.Many new patars(pages) in this Birh.g. writer Darbari Singh Wada and CHHota.h. 403 folios.History Goes to Maharaji Ranjit Singh Kingdom Period Period(1801-1839)**

### ੩੨ ਗ੍ਰੰਥ ਸਾਹਿਬਾਂ ਦਾ ਬਰਨਨ ਜਿਨਾਂ ਉਤੋਂ ਸੋਧਾਈ ਕੀਤੀ

੧) ਪਹਿਲੇ ਗ੍ਰੰਥ ਸਾਹਿਬ ਜੀ ਲਿਖਤ ਪ੍ਰਾਚੀਨ ਜਿਸਦੇ ਆਦ ਮੈਂ ਦੋ ਮੂਰਤੀਆਂ ਹਨ ੧ ਛੇਵੇਂ ਪਾਤਸ਼ਾਹ ਦੀ ਦੂਜੀ ਦਸਮ ਪਾਤਸ਼ਾਹ ਜੀ ਦੀ ਅਰ ੧ ਹੁਕਮਨਾਮਾ ਅਰ ਕਈ ਪਤ੍ਰੇ ਅੰਕਪਲੀ ਦੇ ਅਰ ਵਿਚ ਕਿਸੇ ਕਿਸੇ ਪਤ੍ਰੇ ਉਤੇ ਅੰਕਪਲੀ ਦੇ ਅਖਰਾਂ ਨਾਲ ਸੋਧ ਕੀਤੀ ਹੋਈ ਅਨੁਮਾਨ ਹੈ ਕਿ ਏਹ ਦਸਮ ਪਾਤਸ਼ਾਹ ਜੀ ਦੇ ਹਸਤ ਕਮਲ ਤੇ ਹੈ, ਬਾਣੀ ਦਾ ਕ੍ਰਮ ਸਭਤੇ ਵਖਰਾ ਅਰ ਵਿਚ ਦਸ ਪਤ੍ਰੇ ਪ੍ਰਾਚੀਨ ਤਾਂ ਬੀਸ ਨਵੀਨ ਫੇਰ ੪ ਪ੍ਰਾਚੀਨ ੧੦ ਨਵੀਨ ਅਰ ਕਿਸੇ ਬਾਣੀ ਦੇ ਪਤ੍ਰੇ ਪਰ ਲੇਖਕ ਦਰਬਾਰੀ ਸਿੰਘ ਵਡਾ) (ਲੇਖਕ ਦਰਬਾਰੀ ਸਿੰਘ ਛੋਟਾ ਐਸਾ ਲਿਖਿਆ ਹੈ । ਕਦਾਚਿਤ ਏਹ ਨਿਸਚੈ ਹੋ ਜਾਂਦਾ ਕਿ ਏਹ ਸ੍ਰੀ ਸਤਿਗੁਰੂ ਜੀ ਦਾ ਸੁੱਧ ਕੀਤਾ ਹੋਯਾ ਹੈ ਤਾਂ ਸੋਧਾਈ ਦਾ ਕੁਛ ਯਤਨ ਨਾ ਕਰਨਾ

(੧੨)

ਪੈਂਦਾ, ਇਸੇ ਨਾਲ ਸੁੱਧ ਕਰਲੈਂਦੇ ਪਰ ਨਵੀਨ ਪਤ੍ਰੇ ਬੀ ਬਹੁਤ ਅਰ ਪ੍ਰਾਚੀਨ ਵਿਖੇ ਬੀ ਅਗ੍ਰੋਕਤ ਭੇਦ ਦੇਖਕੇ ਬ੍ਹੁੱਧੀ ਹੈਰਾਨ ਹੂੰਦੀ ਹੈ ਕਿ ਜੇ ਇਸ ਨੂੰ ਸੁੱਧ ਮੰਨੀਏ ਤਾਂ ਹੋਰ ਸਾਰੇ ਅਸੁੱਧ ਹੂੰਦੇ ਹਨ ਅਰ ਜੇ ਹੋਰ ਸਭਨਾਂ ਨੂੰ ਸੁੱਧ ਮੰਨੀਏ ਅਰ ਕਸਰਤਰਾਇ ਮੰਨੀਏ ਤਾਂ ਇਸ ਦੀ ਬਾਣੀ ਅਲੌਕਕ ਠਹਿਰਦੀ ਹੈ ਜਿਹਾਕਿ ਅਰੰਭ ਮੈਂ ॥

੧ਓ ਸ੍ਰੀ ਭਗਉਤੀ ਜੀ ਸਹਾਇ ਜਾਪੁ ਪਾਤਸ਼ਾਹੀ ੧੦ ਕੇਵਲ ਇਕ

ਇਸ ਮੈ ਹੀ ਹੈ ਅਰ ੧ਓ ਸਤਿਗੁਰਪ੍ਰਸਾਦਿ ਜਾਪ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਛਪੈ ਛੰਦ ਤ੍ਵ ਪ੍ਰਸਾਦਿ । ਸਭਨਾਂ ਮੈਂ ਅਰ ਇਹੋ ਸਭ ਦੇ ਕੰਠ ਹੈ ॥

ਜਾਪਜੀ ਅਕਾਲ ਉਸਤਤ ਆਦਿਕ ਬਾਣੀਆਂ ਜੋ ਹਜਾਰਾਂ ਸਿਘਾਂ ਦੇ ਕੰਠ ਅਰ ਹਜਾਰਾਂ ਹੀ ਪੁਸਤਕਾਂ ਪਰ ਲਿਖੀਆਂ ਅਰ ਛਾਪਾ ਹੋ ਚੁਕੀਆਂ ਹਨ ਇਸ ਵਿਚ ਸਭ ਥੋਂ ਵਿਲੱਖਨ ਹਨ, ਚੰਡੀ ਦੀ ਵਾਰ ਸਾਰੀ ਹੀ ਨਵੀਨ ਹੈ ਪਹਿਲੀ ਪੌੜੀ ਜੋ ਸਭ ਦੇ ਕੰਠ ਅਰ ਹਰੇਕ ਸਿੱਖ ਅਰਦਾਸ ਵੇਲੇ ਪੜਦਾ ਹੈ ਇਸਦੀ ਬੀ ਹਰੇਕ ਤੁਕ ਨਵੀਨ ਹੈ । ਕ੍ਰਿਸਨਾਵਤਾਰ ਦੇ ਆਦ ਕਈ ਚੌਪਈਆਂ ਹੀ ਨਹੀ ਹਨ । ਕਈਆਂ ਤੁਕਾਂ ਵਿਚ ਅਖਰ ਦੋ ਵਧੀਕ ਹਨ, ਕਿੰਨਾਂ ਵਿਚ ਘਟ ਬੀ ਹਨ ਚਰਿਤਰਾਂ ਅਰ ਹਿਕਾਇਤਾਂ ਵਿਚ ਤੁਕਾਂ ਅਤ ਬੈਤਾਂ ਬੀ ਘਟ ਹਨ, ਇਹ ਸਭ ਵੇਰਵਾ ਪਾਠਾਂ ਦੀ ਫੈਰਿਸਤ ਵਿਚੋ ਅਗੇ ਦੇਖੋ ਇਸਦੇ ਪਤ੍ਰੇ ੪੦੩ ਹਨ ਤਾਂ ਬੀ ਇਸਨੂੰ ਸਭਨਾਂ ਗ੍ਰੰਥ ਸਾਹਿਬ ਵਿਚੋਂ ਪ੍ਰਾਚੀਨ ਅਰ ਪ੍ਰੈਜ਼ੀਡੰਦ ਮੰਨਕੇ ਇਸਦੀਆਂ ਦੋ ਰਾਵਾਂ ਗਿਣੀਆਂ । ਇਸਦੀ ਟਹਿਲ ਵਿਚ ਸਰਦਾਰ ਸੇਵਾ ਸਿੰਘ ਜੀ ਦੀ ਡਿਪਟੀ ਮਹਿਕਮੈ ਨਹਿਰ ਸਰਦਾਰ ਆਤਮਾ ਸਿੰਘ ਤਹਸੀ ਸੀਲ ਦਾਰ ਅਰ ਭੋਲਾ ਸਿੰਘ ਜੀ ਗ੍ਰੰਥੀ ਸਮਾਧ ਮਹਾਰਾਜਾ ਰਣਜੀਤ ਸਿੰਘ ਜੀਦੇ ਹਨ ॥